16/20



# ਪ੍ਰੋ: ਪੂਰਨ ਸਿੰਘ ਜੀਵਨ ਅਤੇ ਰਚਨਾਵਾਂ

ਪ੍ਰੋ ਪੂਰਨ ਸਿੰਘ ਇੱਕ ਅਜਿਹੇ ਕਵੀ ਅਤੇ ਵਾਰਤਾਕਾਰ ਸਨ ਜਿਨ੍ਹਾਂ ਨੇ ਕਈਆਂ ਰਚਨਾਵਾਂ ਕਰਕੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਵਿੱਚ ਇੱਕ ਉੱਚਾ ਨਾਂ ਪੈਦਾ ਕੀਤਾ। ਉਨ੍ਹਾਂ ਦੀ ਕਵਿਤਾ ਨੂੰ ਗੀਧ ਵਿੱਚ ਗਿਣਿਆ ਜਾਂਦਾ ਹੈ ਜੋ ਕਿਸੇ ਮੁਕਾਮ ਅਮਰੀਕਨ ਸਾਹਿਤ ਵਿੱਚ ਵਾਲਟ ਵਿਟਮੈਨ ਨੂੰ ਪ੍ਰਾਪਤ ਹੈ ਉਹੀ ਮੁਕਾਮ ਪੰਜਾਬੀ ਭਾਸ਼ਾ ਵਿੱਚ ਪ੍ਰੋ. ਪੂਰਨ ਸਿੰਘ ਨੂੰ ਪ੍ਰਾਪਤ ਹੈ। ਪ੍ਰੋ. ਪੂਰਨ ਸਿੰਘ ਅਲਬੇਲੇ ਕਵੀ, ਵਾਰਤਾਕਾਰ, ਚਿੰਤਕ, ਪ੍ਰਸਮ-ਸ਼ਾਸਤਰੀ ਵਿਗਿਆਨੀ ਸਨ। ਇਹਨਾਂ ਨੇ ਕਵਿਤਾ ਨੂੰ ਰੂਪ ਦੀ ਨਵਾਬੀ ਜੰਜੀਰ ਕੈਦ ਤੋਂ ਮੁਕਤ ਕਰਵਾਇਆ। ਵਾਰਤਕ ਨਿਬੰਧਿਆਂ ਕਵਿਤਾ ਦੁਆਰਾ ਨਵੇਂ ਰੰਗ ਭਰ ਕੇ ਅਜਿਹਾ ਸਾਹਿਤ ਸਿਰਜਿਆ ਕਿ ਉਹ ਸਾਹਿਤ ਸਦੀਵੀ ਹੋ ਗਿਆ। ਪ੍ਰੋਫੈਸਰ ਪੂਰਨ ਸਿੰਘ ਨੇ ਬਹੁਤ ਸਾਰੀਆਂ ਅੰਗਰੇਜ਼ੀ ਰਚਨਾਵਾਂ ਦਾ ਅਨੁਵਾਦ ਵੀ ਕੀਤਾ।

ਡਾ. ਦੀਵਾਨ ਸਿੰਘ ਅਨੁਸਾਰ,

> "ਪੂਰਨ ਸਿੰਘ ਇੱਕ ਅਨੋਖੀ ਪੁਰਖ ਸੀ ਤੇ ਉਸਦਾ ਅਨੁਭਵ ਵੀ ਵਿਲੱਖਣ, ਨਿਰਾਲਾ ਤੇ ਬਲਵਾਨ ਅਨੁਭਵ ਹੈ, ਜੋ ਅਦਭੁਤ ਵੀ ਹੈ ਤੇ ਉਚੇਰਾ ਵੀ, ਰਹੱਸਗਤ ਵਾਂਗ ਵੀ ਤੇ ਵਿਰਾਟ ਵੀ ਤੇ ਗੰਭੀਰ ਵੀ।"

ਪ੍ਰੋ: ਪੂਰਨ ਸਿੰਘ ਦੇ ਜੀਵਨ ਅਤੇ ਰਚਨਾਵਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

ਜਨਮ ਅਤੇ ਬਚਪਨ:- ਪ੍ਰੋ: ਪੂਰਨ ਸਿੰਘ ਇੱਕ ਸੰਤ ਕਵੀ ਸਨ, ਜਿਨ੍ਹਾਂ ਦਾ ਜਨਮ 17 ਫਰਵਰੀ 1881 ਈ. ਵਿੱਚ ਐਬਟਾਬਾਦ ਦੇ ਇੱਕ ਛੋਟੇ ਜਿਹੇ ਪਿੰਡ ਸਲਹੱਡ ਵਿਚ ਹੋਇਆ

ਆਪ ਜੀ ਦੇ ਪਿਤਾ ਜੀ ਦਾ ਨਾਂ ਸਰਦਾਰ ਕਰਤਾਰ ਸਿੰਘ ਅਤੇ ਮਾਤਾ ਦਾ ਨਾਂ ਸ੍ਰੀਮਤੀ ਪਰਮਾ ਦੇਵੀ ਸੀ। ਡਾ ਮਹਿੰਦਰ ਸਿੰਘ ਅਨੁਸਾਰ ਪ੍ਰੋ ਪੂਰਨ ਸਿੰਘ ਦੇ ਨਾਨਕੇ ਸਹਿਜ ਸਨ। ਸਹਿਜਾਂ ਦੇ ਵੱਡੇ ਕਾਰਨਾਮੇ ਕਰਕੇ ਉਹਨਾਂ ਨੂੰ ਇੱਕ ਵੱਡਾ ਪਿੰਡ ਮਿਲਿਆ ਜਿਸ ਦਾ ਨਾਮ ਡੇਰਾ ਖਾਲਸਾ ਰੱਖਿਆ ਗਿਆ। ਡੇਰਾ ਖਾਲਸਾ ਇੱਕ ਰਮਣੀਕ ਪਿੰਡ ਸੀ। ਪ੍ਰੋ: ਪੂਰਨ ਸਿੰਘ ਨੂੰ ਬਚਪਨ ਤੋਂ ਹੀ ਇਸ ਧਰਤੀ ਨਾਲ ਬਹੁਤ ਪਿਆਰ ਸੀ।

ਪੜ੍ਹਾਈ ਜਾਂ ਵਿੱਦਿਆ :- ਪ੍ਰੋ: ਪੂਰਨ ਸਿੰਘ ਬਚਪਨ ਤੋਂ ਹੀ ਤੇਜ਼ ਬੁੱਧੀ ਵਾਲੇ ਸਨ। ਆਪ ਦਾ ਪੂਰਾ ਪਰਿਵਾਰ 1881 ਤੋਂ 1890 ਈ. ਤੱਕ ਟਹੈਲੀਆਂ ਵਿਖੇ ਆ ਕੇ ਟਿਕਿਆ ਅਤੇ ਆਪਨੇ ਮਸੀਤ ਦੇ ਮੌਲਵੀ ਤੋਂ ਉਰਦੂ ਅਤੇ ਫ਼ਾਰਸੀ ਵਿੱਦਿਆ ਦਾ ਗਿਆਨ ਹਾਸਲ ਕੀਤਾ। ਇਸ ਦੇ ਨਾਲ ਹੀ ਗੁਰਦੁਆਰੇ ਦੇ ਭਾਈ ਬੇਲਾ ਸਿੰਘ ਤੋਂ ਗੁਰਮੁਖੀ ਸਿੱਖੀ। ਇਸ ਤੋਂ ਬਾਅਦ ਪੂਰਨ ਸਿੰਘ ਨੇ ਹਰੀਪੁਰ ਦੇ ਐਮ. ਬੀ ਸਕੂਲ ਤੋਂ ਅੱਠਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ ਅਤੇ 1897 ਵਿੱਚ ਆਪ ਨੇ ਰਾਵਲਪਿੰਡੀ ਵਿਖੇ ਮਿਸ਼ਨ ਹਾਈ ਸਕੂਲ ਵਿੱਚ ਦਾਖਲਾ ਲੈ ਲਿਆ ਅਤੇ ਇਸ ਸਕੂਲ ਵਿੱਚੋ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ।

ਇਸ ਤੋਂ ਬਾਅਦ ਪੂਰਨ ਸਿੰਘ ਨੇ ਲਾਹੌਰ ਦੇ ਡੀ. ਏ. ਵੀ ਕਾਲਜ ਤੋਂ ਐੱਫ. ਏ ਦੀ ਵਿੱਦਿਆ ਹਾਸਲ ਕੀਤੀ। 1899 ਵਿੱਚ ਆਪ ਨੇ ਇਸੇ ਕਾਲਜ ਵਿੱਚ ਬੀ. ਏ ਦੀ ਜਮਾਤ ਵਿੱਚ ਦਾਖਲਾ ਲਿਆ। ਭਗਤ ਗੋਕਲ ਚੰਦ ਨੇ ਆਪ ਦੀ ਉਚੇਰੀ ਵਿੱਦਿਆ ਲਈ ਆਪ ਨੂੰ ਜਾਪਾਨ ਜਾਣ ਵਜ਼ੀਫ਼ਾ ਲਗਾ ਦਿੱਤਾ।1900

ਜਾਪਾਨ ਜਾਣਾ :- ਪ੍ਰੋ. ਪੂਰਨ ਸਿੰਘ ਨੇ ਰਸਾਇਣ ਵਿਗਿਆਨ ਵਿੱਚ ਜਾਪਾਨ ਦੀ ਟੋਕੀਓ ਯੂਨੀਵਰਸਿਟੀ ਤੋਂ ਡਿਗਰੀ ਹਾਸਲ ਕੀਤੀ। ਜਾਪਾਨ ਵਿੱਚ ਰਹਿਣ ਸਮੇਂ ਹੀ ਪੂਰਨ ਸਿੰਘ ਦੀ

ਮੁਲਾਕਾਤ ਸੁਆਮੀ ਰਾਮ ਤੀਰਥ ਅਤੇ ਸੁਆਮੀ ਵਿਵੇਕਾਨੰਦ ਨਾਲ ਹੋ ਗਈ। ਇਨ੍ਹਾਂ ਲੋਕਾਂ ਦੀ ਪ੍ਰੇਰਨਾ ਤੋਂ ਆਪ ਨੇ ਸੰਨਿਆਸ ਧਾਰਨ ਕਰਨ ਦਾ ਵਿਚਾਰ ਕਰ ਲਿਆ।

ਵਾਪਸੀ :- ਜਦੋਂ ਪੂਰਨ ਸਿੰਘ 1903 ਵਿੱਚ ਟੋਕੀਓ ਤੋਂ ਪੜ੍ਹਾਈ ਪੂਰੀ ਕਰਕੇ ਭਾਰਤ ਵਾਪਸ ਆਇਆ ਤਾਂ ਕਲਕੱਤੇ ਵਿਖੇ ਇਕ ਜੋਸ਼ੀਲੀ ਤਕਰੀਰ ਕਰਕੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਦ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਆਪਣੇ ਮਾਤਾ ਪਿਤਾ ਕੋਲ ਚਲੇ ਗਏ।

ਗ੍ਰਹਿਸਥ ਜੀਵਨ :- ਪ੍ਰੋ. ਪੂਰਨ ਸਿੰਘ ਦਾ ਵਿਆਹ 5 ਮਾਰਚ 1904 ਨੂੰ ਸ੍ਰੀਮਤੀ ਮਾਇਆ ਦੇਵੀ ਨਾਲ ਹੋਇਆ। ਮਗਰੋਂ ਆਪ ਦੀ ਪੁੱਤਰੀ ਗਾਰਗੀ ਦਾ ਜਨਮ ਹੋਇਆ ਤੇ ਉਸ ਤੋਂ ਬਾਅਦ ਆਪ ਦੇ ਘਰ ਦੋ ਪੁੱਤਰ ਰਮਿੰਦਰ ਸਿੰਘ ਅਤੇ ਮਦਨ ਮੋਹਨ ਸਿੰਘ ਨੇ ਜਨਮ ਲਿਆ।

ਕੰਮ ਕਾਰ :- 1904 ਈ. ਵਿਚ ਪੂਰਨ ਸਿੰਘ ਨੇ ਉਸਤਾਦ ਦੀਵਾਨ ਦਾਸ ਨਾਲ ਰਲ ਕੇ ਥਾਈਮੋਲ ਦੇ ਕ੍ਰਿਸਟਲ ਬਣਾਉਣੇ ਸ਼ੁਰੂ ਕਰ ਦਿੱਤੇ ਤੇ ਇਸ ਮਗਰੋਂ ਸੰਤਰਿਆਂ ਤੇਲ ਅਤੇ ਕੈਮਲ ਆਇਲ ਦੀ ਤਿਆਰ ਕਰਨਾ ਸ਼ੁਰੂ ਕੀਤਾ, ਪਰ ਆਪ ਦੀ ਦੀਵਾਨ ਦਾਸ ਨਾਲ ਖਟ ਪਟ ਜਿਹੀ ਰਹਿਣ ਲੱਗੀ ਅਤੇ ਆਪ ਸਭ ਕੁਝ ਛੱਡ ਕੇ ਦੇਹਰਾਦੂਨ ਚਲੇ ਗਏ। ਇਸ ਮਗਰੋਂ ਆਪ ਫਰਵਰੀ 1904 ਵਿੱਚ ਇਕ ਵਾਰ ਫਿਰ ਵਾਪਸ ਆਏ ਅਤੇ ਆਪ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਚਿਊਟ ਵਿੱਚ ਪ੍ਰਿੰਸੀਪਲ ਦੇ ਅਹੁਦੇ ਉੱਤੇ ਲੱਗ ਗਏ। ਪਰ ਛੇ ਮਾਸ਼ਾ ਬਾਅਦ ਆਪ ਨੇ ਆਪਣੀ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ। ਇਸ ਤੋਂ ਬਾਅਦ ਆਪ ਅਪ੍ਰੈਲ 1907 ਵਿੱਚ ਆਪ ਫਾਰੈਸਟ ਰੀਸਰਚ ਇੰਸਟੀਚਿਊਟ ਦੇਹਰਾਦੂਨ ਵਿੱਚ ਫਾਰੈਸਟ ਕੈਮਿਸਟ

ਵਜੋਂ ਨਿਯੁਕਤ ਹੋਏ। ਫਾਰੈਸਟ ਇੰਸਟੀਚਿਊਟ ਤੋਂ ਬਾਅਦ ਆਪ ਨੇ ਪਟਿਆਲੇ, ਗਵਾਲੀਅਰ, ਅਤੇ ਕਸ਼ਮੀਰ ਦੇ ਮਹਾਰਾਜਿਆਂ ਦੀ ਨੌਕਰੀ ਕੀਤੀ। 1923-24 ਵਿੱਚ ਸਰਦਾਰ ਸੁੰਦਰ ਸਿੰਘ ਮਜੀਠੀਆ ਦੀ ਸਰਹ ਫੈਕਟਰੀ ਵਿੱਚ ਵੀ ਨੌਕਰੀ ਕੀਤੀ। ਇਸ ਪਿੱਛੋਂ 1926 ਵਿੱਚ ਪੰਜਾਬ, ਸਰਕਾਰ ਤੋਂ ਮਿਲੀ ਆਰਥਿਕ ਸਹਾਇਤਾ ਨਾਲ ਜੜਾਂਵਾਲੇ ਵਿਖੇ ਰੋਸ਼ਾ ਘਾਸ ਉਗਾਉਣਾ ਸ਼ੁਰੂ ਕੀਤਾ। ਪਰ ਬਾਅਦ ਉਸ ਨੂੰ ਕਾਫ਼ੀ ਘਾਟੇ ਦਾ ਸਾਹਮਣਾ ਕਰਨਾ ਪਿਆ। ਪਰ ਉਸ ਨੇ ਇਸ ਨੁਕਸਾਨ ਨੂੰ ਮਹਿਸੂਸ ਨਹੀਂ ਕੀਤਾ ਅਤੇ ਆਪਣੀਆਂ ਰਚਨਾਵਾਂ ਦੇ ਪਾਠਕਾਂ ਨੂੰ ਰੱਬ ਤੋਂ ਬਚਾ ਲੈਣ ਵਿੱਚ ਹੀ ਆਪਣੀ ਸਫਲਤਾ ਸਮਝੀ।

ਪੂਰਨ ਸਿੰਘ ਉੱਤੇ ਅਮਰੀਕੀ ਕਵੀ ਵਾਲਟ ਵਿਟਮੈਨ ਦਾ ਪ੍ਰਭਾਵ :- ਪ੍ਰੋ. ਪੂਰਨ ਸਿੰਘ ਆਪਣੀ ਕਿਤਾਬ ਵਾਲਟ ਵਿਟਮੈਨ ਐਂਡ ਸਿੱਖ ਇਨਸਪੀਰੇਸ਼ਨ ਵਿੱਚ ਲਿਖਦਾ ਹੈ: ਵਾਲਟ ਵਿਟਮੈਨ ਵੀਜ਼ ਏ ਸਿੱਖ ਬੋਰਨ ਇਨ ਅਮਰੀਕਾ। ਇਸ ਤਰ੍ਹਾਂ ਪ੍ਰੋ ਪੂਰਨ ਸਿੰਘ ਉਪਰ ਵਾਲਟ ਵਿਟਮੈਨ ਦਾ ਕਾਫ਼ੀ ਪ੍ਰਭਾਵ ਸੀ। ਵਾਲਟ ਵਿਟਮੈਨ ਤੋਂ ਇਲਾਵਾ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਪੱਛਮੀ ਚਿੰਤਕਾਂ ਵਿੱਚ, ਟਾਲਸਟਾਏ, ਕਾਰਪੇਂਟਰ, ਐਮਰਸਨ, ਪੀ.ਬੀ. ਸ਼ੈਲੇ, ਰਸਕਿਨ ਅਤੇ ਥੋਰੋ ਆਦਿ ਦੇ ਨਾਂ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ।

ਭਾਈ ਵੀਰ ਸਿੰਘ ਨਾਲ ਮਿਲਾਪ:- ਪ੍ਰੋ: ਪੂਰਨ ਸਿੰਘ ਦਾ ਭਾਈ ਵੀਰ ਸਿੰਘ ਨਾਲ ਹੋਏ ਮਿਲਾਪ ਨੇ ਉਸਦੇ ਮਨ ਤੇ ਡੂੰਘਾ ਪ੍ਰਭਾਵ ਪਾਇਆ। ਸਿਆਲਕੋਟ ਵਿਖੇ 1912 ਵਿੱਚ ਭਾਈ ਵੀਰ ਸਿੰਘ ਨਾਲ

ਰੇਹੀ ਮੁਲਾਕਾਤ ਉਹਨਾਂ ਨੂੰ ਵੀ ਤੇਜੀ ਨਾਲ ਪ੍ਰੇਮ ਰਸੀ ਰੂਹ ਨੂੰ ਇੱਕ ਮਸਤ ਤੇ ਲੋਹਿਗਵ ਵਿੱਚ ਆਪਣੀ ਮੌਤ ਸਾਬਤ ਹੋਈ। ਨਤੀਜਤਨ ਉਹ ਮਨ ਸਿਧੀ ਪਾਰ ਵਿੱਚ ਆ ਗਏ। ਉਹਨਾਂ ਦੀਆਂ ਉਸਾਰੂ ਸਰਗਰਮੀਆਂ ਨੂੰ ਵਧੇਰੇ ਉਤਸਾਹ ਤੇ ਇੱਕ ਵੇਦਨ ਪੀੜ ਮਿਲ ਗਿਆ ਸੀ।

- ਬਿਮਾਰੀ ਅਤੇ ਮੌਤ:- ਨਵੰਬਰ 1930 ਨੂੰ ਆਪ ਇੱਕ ਭੈੜੀ ਬਿਮਾਰੀ ਟੀ. ਬੀ. ਦਾ ਸ਼ਿਕਾਰ ਹੋ ਗਏ। ਉਸ ਸਮੇਂ ਇਸ ਭੈੜੀ ਬਿਮਾਰੀ ਦਾ ਇਲਾਜ ਸੌਖੇ ਤੌਰ ਤੇ ਨਹੀਂ ਆਇਆ। ਅਤੇ ਆਪ 3 ਮਾਰਚ 1931 ਨੂੰ ਦੇਹਰਾਦੂਨ ਵਿਖੇ ਅਕਾਲ ਚਲਾਣਾ ਕਰ ਗਏ।

ਰਚਨਾਵਾਂ :- ਪ੍ਰੋ ਪੂਰਨ ਸਿੰਘ ਦੀਆਂ ਰਚਨਾਵਾਂ ਕਵਿਤਾ, ਵਾਰਤਕ, ਅਨੁਵਾਦਿਤ ਆਦਿ ਰੂਪਾਂ ਵਿੱਚ ਮਿਲਦੀਆਂ ਹਨ। ਇੱਥੇ ਅਸੀਂ ਉਸ ਦੀਆਂ ਪੰਜਾਬੀ, ਵਿਚ ਲੀਆਂ ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ ਰਚਨਾਵਾਂ ਦਾ ਹੀ ਉਲੇਖ ਕਰਾਂਗੇ:-

(ੳ) ਕਵਿਤਾ :- ਖੁੱਲ੍ਹੇ ਘੁੰਡ, ਖੁੱਲ੍ਹੇ ਅਸਮਾਨੀ ਰੰਗ, ਖੁੱਲ੍ਹੇ ਮੈਦਾਨ।

(ਅ) ਵਾਰਤਕ :- ਖੁੱਲ੍ਹੇ ਲੇਖ (ਜੀਵਨ ਸੰਗੀਤ)

(ੲ) ਖਾਲਸਾ ਸਮਾਚਾਰ ਵਿੱਚ ਪ੍ਰਕਾਸ਼ਿਤ ਲੇਖ:-

1) ਵਿਸ਼ਰਾਮੀ ਨੈਣਾਂ ਦਾ ਜੋੜਾ - ਦਾਤਾ ਸ੍ਰੀ ਗੁਰੂ ਗੋਬਿੰਦ ਸਿੰਘ।

2) ਆਤਮ ਰਟਾਪਸ

3) ਸੁਰੱਪਣ

4) ਬਾਬਾ ਜੀ ਦੀ ਮੌਜ

5) ਸਤ ਤੋਂ ਵੱਡਾ ਸਤਿਗੁਰ ਨਾਨਕ ਜਿਨ ਕਲ ਰਾਖੀ ਮੇਰੀ।

6) ਕਲਗੀਆਂ ਵਾਲੇ ਦੀ ਛਬੀ।

7) ਮੇਰੀ ਦੇਸੀ ਸਾਡਾ ਆਦਰਸ਼

8) ਵੇਸ

9) ਜੀਵਨ ਸੰਝਾ ਦੀਆਂ ਬੇਅਦਬੀਆਂ

ਭੂਮਿਕਾਵਾਂ :-

1) ਰੱਸ ਢੰਗ (ਕ੍ਰਿਤ ਬਾਵਾ ਬੁੱਧ ਸਿੰਘ ਦਾ ਨਾਟਕ)

2) ਅਧਚਲੀ ਜੋਤ (ਐਮਰਸਨ ਦੇ ਨਿਬੰਧ ਦਾ ਪੰਜਾਬੀ ਅਨੁਵਾਦ)

3) ਸਦਕ ਤ੍ਰਿਆਨੇ (ਡਾ. ਦੀਰ ਸਿੰਘ ਨੀਲਤ ਰਾਹੇ ਸੰਗ੍ਰਹਿ ਦੀ ਭੂਮਿਕਾ)

ਅਨੁਵਾਦ –

1) ਸੋਇਆ ਦੀ ਜਾਗ (ਤਾਸ ਪਾਰਿਸ਼ਾ)

2) ਅਬਚਲਸ਼ੀ ਜੋਤ (ਐਮਰਸਨ ਦੀ ਰਚਨਾ 'Essay of the Poet' ਦਾ ਪੰਜਾਬੀ ਅਨੁਵਾਦ)

3) ਬੋਏ ਬੂਟੇ (ਜਾਪਾਨੀ ਨਾਟਕ ਦਾ ਅਨੁਵਾਦ)

4) ਕਸ਼ਾਪਾਰੀ ਤੇ ਕਸ਼ਾਪਾਰੀ ਦੀ ਪੂਜਾ (ਕਾਰਲਾਈਲ ਦੇ Hero & Hero Worship ਦਾ ਪੰਜਾਬੀ ਅਨੁਵਾਦ)

ਇਸ ਤੋਂ ਇਲਾਵਾ ਉਸ ਦੀਆਂ ਕ੍ਰਿਤੀਆਂ ਲਗਪਗ 40 ਰਚਨਾਵਾਂ ਅੰਗਰੇਜ਼ੀ ਵਿਚ ਅਤੇ 8-10 ਰਚਨਾਵਾਂ ਹਿੰਦੀ ਵਿੱਚ ਕ੍ਰਿਤੀਆਂ ਮਿਲਦੀਆਂ ਹਨ।